## ਸੈਂਪਲ ਪੇਪਰ

## ਜਮਾਤ - ਅੱਠਵੀਂ

## ਸਮਾਜਿਕ ਵਿਗਿਆਨ ਐਸ.ਏ. 2 (2019)

**ਸਮਾਂ- 3 ਘੰਟੇ** **ਕੁੱਲ ਅੰਕ- 70**

### ਭਾਗ ੳ - ਭੂਗੋਲ (20 ਅੰਕ)

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ- (2 ਅੰਕਾਂ ਵਾਲੇ ਪ੍ਰਸ਼ਨ)
   ੳ) ਕੌਫੀ ਦੀਆਂ ਦੋ ਕਿਸਮਾਂ ਦੇ ਨਾਂ ਲਿਖੋ?
   ਅ) ਅਨਾਜ ਫਸਲਾਂ ਦੇ ਨਾਂ ਲਿਖੋ।
   ੲ) ਸੁਨਾਮੀ ਕਿਵੇਂ ਪੈਦਾ ਹੁੰਦੀ ਹੈ?

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ- (4 ਅੰਕ ਵਾਲਾ ਪ੍ਰਸ਼ਨ)

   ਚਾਵਲ ਪੈਦਾ ਕਰਨ ਵਾਲੇ ਮੁੱਖ ਖੇਤਰ ਕਿਹੜੇ ਕਿਹੜੇ ਹਨ?

   ਜਾਂ

   ਕਿਹੜੇ ਕਿਹੜੇ ਉਪਾਅ ਸਾਨੂੰ ਮਹਾਂਮਾਰੀ ਵਰਗੀ ਆਫਤ ਤੋਂ ਬਚਾਅ ਸਕਦੇ ਹਨ?

3. ਖਾਲੀ ਥਾਂਵਾਂ ਭਰੋ:- (3 ਅੰਕ)

ੳ) ________ ਇੱਕ ਬੁਹਤ ਹੀ ਮਹੱਤਵਪੂਰਨ ਅਤੇ ਪੁਰਾਣਾ ਖਿੱਤਾ ਹੈ।

ਅ) ਇੰਦਰਾ ਗਾਂਧੀ ਓਪਨ ਯੂਨੀਵਸਟੀ ________ ਵਿਖੇ ਹੈ।

ੲ) ਰਿਕਟਰ ਸਕੇਲ __________ ਨੂੰ ਮਾਪਣ ਦਾ ਇੱਕ ਪੈਮਾਨਾ ਹੈ।

4. ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ- (3 ਅੰਕ)

ੳ) ਸੁੱਤੇ ਹੋਏ ਜਵਾਲਾਮੁਖੀ ਵਿੱਚੋਂ ਕਦੇ ਲਾਵਾ ਨਹੀਂ ਨਿਕਲਦਾ।( )

ਅ) ਚਾਹ ਦਾ ਪੌਦਾ ਝਾੜੀ ਵਰਗਾ ਹੁੰਦਾ ਹੈ। ( )

ੲ) ਪੀਟ ਕੋਲੇ ਦੀ ਇੱਕ ਕਿਸਮ ਨਹੀਂ ਹੈ। ( )

5. ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸ਼ਾਓ (ਕੋਈ 4):- (4 ਅੰਕ)

ੳ) ਚਾਹ ਪੈਦਾ ਕਰਨ ਵਾਲਾ ਇੱਕ ਖੇਤਰ

ਅ) ਪਟਸਨ ਪੈਦਾ ਕਰਨ ਵਾਲਾ ਇੱਕ ਖੇਤਰ

ੲ) ਕੌਫੀ ਪੈਦਾ ਕਰਨ ਵਾਲਾ ਇੱਕ ਖੇਤਰ

ਸ) ਮੱਕੀ ਪੈਦਾ ਕਰਨ ਵਾਲਾ ਇੱਕ ਖੇਤਰ

## ਭਾਗ ਅ - ਇਤਿਹਾਸ (35 ਅੰਕ)

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ:- (2 ਅੰਕਾਂ ਵਾਲੇ ਪ੍ਰਸ਼ਨ)

ੳ) ਆਨੰਦ ਮੱਠ ਨਾਵਲ ਕਿਸ ਨੇ ਲਿਖਿਆ ਸੀ?

ਅ) ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਣ ਨਾਲ ਕਿਹੜੇ ਨਵੇਂ ਕਸਬੇ ਹੋਂਦ ਵਿੱਚ ਆਏ?

ੲ) ਪੰਚਸ਼ੀਲ ਦੇ ਕੋਈ ਦੋ ਸਿਧਾਂਤ ਲਿਖੋ।

ਸ) ਬੰਗਾਲ ਦੀ ਵੰਡ ਕਦੋਂ ਅਤੇ ਕਿਸ ਗਵਰਨਰ ਜਨਰਲ ਦੇ ਸਮੇਂ ਵਿੱਚ ਹੋਈ?

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਨਾਲ ਦਿਓ:- (4 ਅੰਕਾਂ ਵਾਲੇ ਪ੍ਰਸ਼ਨ)

ੳ) ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਬਾਰੇ ਲਿਖੋ।

ਅ) ਆਜ਼ਾਦ ਹਿੰਦ ਫੌਜ਼ ਤੇ ਨੋਟ ਲਿਖੋ।

ੲ) ਸਰ ਸੱਯਦ ਅਹਿਮਦ ਖਾਂ ਦੁਆਰਾ ਇਸਤਰੀਆਂ ਦੀ ਦਸ਼ਾ ਸੁਧਾਰਨ ਬਾਰੇ ਪਾਏ ਗਏ ਯੋਗਦਾਨ ਦਾ ਵਰਣਨ ਕਰੋ।

8. ਖਾਲੀ ਥਾਂਵਾਂ ਭਰੋ- (4 ਅੰਕ)

ੳ) ਤਲਾਕ ਪ੍ਰਥਾ ਦਾ _________ ਨੇ ਵਿਰੋਧ ਕੀਤਾ।

ਅ) ਜੋਤੀਬਾ ਫੂਲੇ ਨੂੰ _____________ਦੀ ਉਪਾਧੀ ਦਿੱਤੀ ਗਈ।

ੲ) ਇੰਡੀਅਨ ਨੈਸ਼ਨਲ ਕਾਂਗਰਸ ਦਾ ਸੂਰਤ ਸਮਾਗਮ____________ਈ. ਵਿੱਚ ਹੋਇਆ।

ਸ) ਸਾਈਮਨ ਕਮੀਸ਼ਨ ਵਿੱਚ ___________ ਮੈਂਬਰ ਸਨ।

9. ਹੇਠ ਦਿੱਤੇ ਵਾਕਾਂ ਸਾਹਮਣੇ ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ- (4 ਅੰਕ)

ੳ) ਸਵਰਾਜ ਪਾਰਟੀ ਦੀ ਸਥਾਪਨਾ ਮਹਾਤਮਾ ਗਾਂਧੀ ਨੇ ਕੀਤੀ। ( )

ਅ) ਅਜ਼ਾਦੀ ਦੀ ਪ੍ਰਾਪਤੀ ਪਿਛੋਂ ਭਾਰਤ ਨੇ ਉਦਯੋਗਿਕ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ। ( )

ੲ) ਮੈਰੀਨਾ ਸਮੁੰਦਰੀ ਤੱਟ 10 ਕਿਲੋਮੀਟਰ ਲੰਬਾ ਹੈ।( )

ਸ) ਪ੍ਰਿੰਸ ਆਫ ਵੇਲਜ਼ ਮਿਊਜ਼ੀਅਮ ਨੂੰ ਅੱਜਕੱਲ ਛਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਿਹਲਯ ਕਿਹਾ ਜਾਂਦਾ ਹੈ।( )

10. ਸਹੀ ਵਿਕਲਪ ਚੁਣੋ:- (3 ਅੰਕ)

ੳ) ਹੇਠ ਲਿਖਿਆਂ ਵਿੱਚੋਂ ਕੌਣ ਇੱਕ ਪ੍ਰਸਿੱਧ ਚਿੱਤਰਕਾਰ ਹੈ?

(ੳ) ਪ੍ਰੇਮਚੰਦ (ਅ) ਕ੍ਰਿਸ਼ਨ ਚੰਦਰ (ੲ) ਅੰਮ੍ਰਿਤਾ ਸ਼ੇਰਗਿੱਲ (ਸ) ਇਕਬਾਲ

ਅ) ਇਹਨਾਂ ਵਿੱਚੋਂ ਕਿਹੜਾ ਸ਼ਹਿਰ ਅੰਗਰੇਜ਼ਾਂ ਦੁਆਰਾ ਵਿਕਸਿਤ ਨਹੀਂ ਕੀਤਾ ਗਿਆ?

(ੳ) ਮਦਰਾਸ (ਅ) ਕਲਕੱਤਾ (ੲ) ਆਗਰਾ (ਸ) ਮੁੰਬਈ

ੲ) ਮੂਕਨਾਇਕ ਅਖਬਾਰ ਹੇਠ ਲਿਖਿਆਂ ਵਿੱਚੋਂ ਕਿਸਨੇ ਪ੍ਰਕਾਸ਼ਿਤ ਕੀਤਾ?

(ੳ) ਮਹਾਤਮਾ ਗਾਂਧੀ (ਅ ) ਡਾ.ਭੀਮ ਰਾਓ ਅੰਬੇਦਕਰ (ੲ) ਭਗਤ ਸਿੰਘ (ਸ) ਲਾਲਾ ਲਾਜਪਤ ਰਾਏ

11. ਸਹੀ ਮਿਲਾਨ ਕਰੋ- (4 ਅੰਕ)

| ੳ | ਅ |
|---|---|
| ੳ) ਭਗਤ ਸਿੰਘ | ਤਮਿਲਨਾਡੂ ਦੇ ਸਮਾਜ ਸੁਧਾਰਕ |
| ਅ) ਨਾਰਾਇਣ ਗੁਰੂ | ਰਾਮਾ ਕ੍ਰਿਸ਼ਨ ਮਿਸ਼ਨ |
| ੲ) ਸਵਾਮੀ ਵਿਵੇਕਾਨੰਦ | 1999 |
| ਸ) ਕਾਰਗਿਲ ਯੁੱਧ | ਕ੍ਰਾਂਤੀਕਾਰੀ ਲਹਿਰ |

## ਭਾਗ ੲ - ਨਾਗਰਿਕ ਸ਼ਾਸਤਰ (15 ਅੰਕ)

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਦਿਓ- (2 ਅੰਕਾਂ ਵਾਲੇ ਪ੍ਰਸ਼ਨ)

ੳ) ਸਿਵਿਲ ਮੁਕੱਦਮੇ ਦਾ ਅਰਥ ਲਿਖੋ।

ਅ) ਜਨਹਿੱਤ ਮੁਕੱਦਮੇਬਾਜ਼ੀ ਦਾ ਅਰਥ ਲਿਖੋ।

ੲ) ਸਮਾਜਿਕ ਅਸਮਾਨਤਾ ਤੋਂ ਤੁਸੀਂ ਕੀ ਸਮਝਦੇ ਹੋ?

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:- (4 ਅੰਕ ਵਾਲਾ ਪ੍ਰਸ਼ਨ)

ਰਾਖਵੇਂਕਰਨ ਦਾ ਕੀ ਭਾਵ ਹੈ?

ਜਾਂ

ਨਿਆਂਪਾਲਿਕਾ ਦੀ ਭੂਮਿਕਾ ਲਿਖੋ।

1. ਖਾਲੀ ਥਾਂਵਾਂ ਭਰੋ- (3 ਅੰਕ)

ੳ) ਭਾਰਤ ਦੀ ਸਭ ਤੋਂ ਵੱਡੀ ਅਦਾਲਤ__________ ਹੈ।

ਅ) ਹਾਈਕੋਰਟ ਦੇ ਜੱਜ _________ਸਾਲ ਤੱਕ ਆਪਣੇ ਪਦ ਤੇ ਬਣੇ ਰਹਿੰਦੇ ਹਨ।

ੲ) ਭਾਰਤੀ ਸੰਵੀਧਾਨ ਵਿੱਚ________ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ।

15. ਸਹੀ ਗਲਤ ਦਾ ਨਿਸ਼ਾਨ ਲਗਾਓ:- (2 ਅੰਕ)

ੳ) ਭਾਰਤ ਵਿੱਚ ਦੋਹਰੀ ਨਿਆਂਪਾਲਿਕਾ ਪ੍ਰਣਾਲੀ ਲਾਗੂ ਕੀਤੀ ਗਈ ਹੈ। ( )

ਅ) ਹਿੰਦੀ ਭਾਰਤ ਦੀ ਰਾਜ ਭਾਸ਼ਾ ਹੈ। ( )